

# ਮਟਰ ਦਾ ਪੌਦਾ

ਪ੍ਰੀ-ਪ੍ਰਾਇਮਰੀ-2 ਲਈ

ਸਕੂਲ ਸਿੱਖਿਆ ਵਿਭਾਗ, ਪੰਜਾਬ

# ਮਟਰ ਦਾ ਪੌਦਾ

ਲੇਖਕ
ਸ਼ਰੂਤੀ ਰਾਓ

ਚਿੱਤਰਕਾਰ
ਦੇਬਾਤਮਿਤਾ ਦਾਸਗੁਪਤਾ, ਪਵਨਦੀਪ ਕੌਰ

ਪੰਜਾਬੀ ਅਨੁਵਾਦ
ਪਵਨਦੀਪ ਕੌਰ




ਇੱਕ ਦਿਨ, ਤਰਨ ਰਸੋਈ ਵਿੱਚ ਮੇਜ਼ 'ਤੇ ਬੈਠ ਕੇ ਮੰਮੀ ਨੂੰ ਖਾਣਾ ਪਕਾਉਂਦੇ ਹੋਏ ਦੇਖ ਰਹੀ ਸੀ। ਮੰਮੀ ਨੇ ਚੁੱਲ੍ਹੇ 'ਤੇ ਕੁੱਕਰ ਰੱਖਿਆ।

"ਤਰਨ! ਬੇਟਾ, ਜ਼ਰਾ ਮਟਰ ਦੇਣਾ।" ਮੰਮੀ ਬੋਲੇ।



ਤਰਨ ਸੁੱਕੇ ਮਟਰਾਂ ਦਾ ਕੌਲਾ ਚੁੱਕ ਲਿਆਈ ਅਤੇ ਮੰਮੀ ਨੂੰ ਦੇ ਦਿੱਤਾ। ਕੌਲੇ ’ਚੋਂ ਮਟਰ ਦਾ ਇੱਕ ਦਾਣਾ ਹੇਠਾਂ ਡਿੱਗ ਗਿਆ। ਨਾ ਤਰਨ ਅਤੇ ਨਾ ਮੰਮੀ ਨੇ ਇਸਨੂੰ ਡਿੱਗਦੇ ਦੇਖਿਆ।




ਮਟਰ ਮੇਜ਼ ’ਤੇ ਉੱਛਲਿਆ ਅਤੇ ਫਰਸ਼ ’ਤੇ ਜਾ ਡਿੱਗਿਆ।

ਮਾਣੋ ਬਿੱਲੀ ਨੇ ਉਸਨੂੰ ਦੇਖ ਲਿਆ। ਉਸਨੇ ਦਾਣੇ ਨੂੰ ਹਿਲਾਇਆ। ਫਿਰ ਹੌਲ਼ੀ ਜਿਹੇ ਪੰਜਾ ਮਾਰਿਆ।



ਮਟਰ ਰਸੋਈ ਦੇ ਦਰਵਾਜ਼ੇ ਵੱਲ ਰੁੜ੍ਹ ਗਿਆ।

ਮਾਣੋ ਨੇ ਇਸ ਨੂੰ ਫਿਰ ਹਿਲਾਇਆ।
ਉਹ ਰੁੜ੍ਹ ਕੇ ਬਗ਼ੀਚੇ ਵਿੱਚ ਚਲਾ ਗਿਆ।




ਹੁਣ ਗਿੱਲੀ ਜ਼ਮੀਨ ਵਿੱਚ ਇੱਕ ਸੁਰਾਖ਼ ਬਣ ਗਿਆ।

ਮਟਰ ਖਿਸਕ ਕੇ ਸੁਰਾਖ਼ ਵਿੱਚ ਚਲਿਆ ਗਿਆ ਅਤੇ ਠੰਡੀ ਮਿੱਟੀ ਵਿੱਚ ਆਰਾਮ ਕਰਨ ਲੱਗਿਆ।




ਕਈ ਦਿਨ ਬੀਤ ਗਏ। ਬਾਰਿਸ਼ ਹੋਈ।

ਮਟਰ ਭਿੱਜਿਆ। ਉਹ ਫੁੱਲਿਆ,
ਫਿਰ ਹੋਰ ਫੁੱਲਿਆ।

ਉਸਦੀ ਇੱਕ ਪੂਛ ਨਿਕਲ ਆਈ
ਅਤੇ ਸਿਰ ’ਤੇ ਇੱਕ ਤਾਜ।





ਉਹ ਜ਼ਮੀਨ ਵਿੱਚੋਂ ਬਾਹਰ ਨਿਕਲ਼ ਆਇਆ ਅਤੇ

ਵੱਡਾ ਹੋ ਗਿਆ।





ਇੱਕ ਦਿਨ ਬਗ਼ੀਚੇ ਵਿੱਚ ਖੇਡਦੀ ਤਰਨ ਨੇ ਇਹ ਦੇਖਿਆ। "ਮੰਮੀ ਦੇਖੋ!" ਉਹ ਬੋਲੀ।

ਮੰਮੀ ਉੱਥੇ ਆਏ ਅਤੇ ਦੋਵੇਂ ਪੌਦਾ ਦੇਖ ਕੇ ਹੈਰਾਨ ਹੋਏ।



ਮੰਮੀ ਨੇ ਪੁੱਛਿਆ, "ਕੀ ਤੁਸੀਂ ਇਸ ਨੂੰ ਲਗਾਇਆ ਹੈ?"

"ਨਹੀਂ! ਮੈਂ ਸੋਚਿਆ ਤੁਸੀਂ ਲਗਾਇਆ" ਤਰਨ ਨੇ ਜਵਾਬ ਦਿੱਤਾ।
"ਹੈਂਅ! ਇਹ ਆਇਆ ਕਿੱਥੋ?" ਦੋਵੇਂ ਸੋਚਣ ਲੱਗੇ।

# ਕਿਸ ਨੇ ਲਗਾਇਆ ਹੈ ਇਹ ਪੌਦਾ? ਤੁਸੀਂ ਤਾਂ ਜਾਣਦੇ ਹੋ ਨਾ?

ਖੁਦ ਕਰਕੇ ਦੇਖੋ:
1. ਛੋਟੇ ਗਮਲੇ ਵਿੱਚ ਇੱਕ ਬੀਜ ਬੀਜੋ ਅਤੇ ਉਸ ਨੂੰ ਰੋਜ਼ ਪਾਣੀ ਪਾਓ।

2. ਜੇਕਰ ਤੁਸੀਂ ਉਸ ਨੂੰ ਹਨ੍ਹੇਰੀ ਅਤੇ ਠੰਡੀ ਜਗ੍ਹਾ ਵਿੱਚ ਰੱਖਦੇ ਹੋ ਤਾਂ ਕੀ ਉਹ ਵਧਦਾ ਹੈ?

3. ਕਈ ਪੁੰਗਰੇ ਬੀਜ ਅਤੇ ਅਨਾਜ ਸਾਡੀ ਸਿਹਤ ਲਈ ਬਹੁਤ ਵਧੀਆ ਹੁੰਦੇ ਹਨ। ਤੁਹਾਨੂੰ ਕਿਹੜੀਆਂ ਪੁੰਗਰੀਆਂ ਚੀਜ਼ਾਂ ਖਾਣੀਆਂ ਚੰਗੀਆਂ ਲੱਗਦੀਆਂ ਹਨ?



ਆਖ਼ਰ ਅਜਿਹਾ ਹੋਇਆ ਕਿਵੇਂ ? ਕਿਸ ਨੇ ਕੀਤਾ ? ਤਰਨ ਨਹੀਂ ਜਾਣਦੀ ਸੀ ਅਤੇ ਨਾ ਹੀ ਉਸਦੇ ਮੰਮੀ ਜਾਣਦੇ ਸਨ। ਮਟਰ ਦੇ ਪੌਦੇ ਬਾਰੇ ਕੋਈ ਨਹੀਂ ਜਾਣਦਾ, ਪਰ ਤੁਸੀਂ ਜਾਣਦੇ ਹੋ।


PRATHAM BOOKS
storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM BOOKS
A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM

Pratham is an innovative learning organization created to improve the quality of education in India.



ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ–ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼–੮, ਐਸ.ਏ.ਐਸ ਨਗਰ, ਮੁਹਾਲੀ